# ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ

ਪੁੱਡਾ ਭਵਨ, ਸੈਕਟਰ 62, ਐਸ.ਏ.ਐਸ ਨਗਰ।

(ਤਕਨੀਕੀ ਅਮਲਾ ਸਾਖਾ)

---

## ਪਬਲਿਕ ਨੋਟਿਸ

ਪੁੱਡਾ ਵਿਖੇ ਸਾਲ 2016 ਦੌਰਾਨ ਤਕਨੀਕੀ ਅਤੇ ਨਾਨ ਤਕਨੀਕੀ ਕਾਡਰ ਦੀਆਂ ਵੱਖ-ਵੱਖ ਅਸਾਮੀਆਂ ਲਈ ਕੀਤੀ ਜਾਣ ਵਾਲੀ ਸਿੱਧੀ ਭਰਤੀ ਦੇ ਸਨਮੁੱਖ ਕੁਝ ਬਿਨੈਕਾਰਾਂ ਵਲੋਂ ਪੁੱਡਾ ਦਫਤਰ ਵਿਖੇ ਈਮੇਲ ਰਾਹੀਂ ਵੱਖ-2 ਅਸਾਮੀਆਂ ਲਈ ਕੰਡਕਟ ਕੀਤੇ ਇਮਤਿਹਾਨ ਦੀ Answer Key ਸਬੰਧੀ ਇਤਰਾਜ ਭੇਜੇ ਗਏ ਸਨ ਜਿਸ ਸਬੰਧੀ ਬਿਨੈਕਾਰਾਂ ਵਲੋਂ ਉਠਾਏ ਗਏ ਇਤਰਾਜਾਂ ਦੀ ਕਾਪੀ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨੂੰ ਭੇਜਦੇ ਹੋਏ ਉਹਨਾਂ ਨੂੰ ਵਿਚਾਰਣ ਉਪਰੰਤ ਰੀਵਾਇਜਡ ਮੈਰਿਟ ਸੂਚੀ ਭੇਜਣ ਲਈ ਲਿਖਿਆ ਗਿਆ ਹੈ। ਜੇਕਰ ਯੂਨੀਵਰਸਿਟੀ ਵਲੋਂ ਬਿਨੈਕਾਰਾਂ ਵਲੋਂ Answer Key ਵਿੱਚ ਉਠਾਏ ਇਤਰਾਜ ਸਾਬਿਤ ਕਰਦੇ ਹੋਏ ਰੀਵਾਇਜਡ ਮੈਰਿਟ ਸੂਚੀ ਭੇਜੀ ਜਾਂਦੀ ਹੈ ਅਤੇ ਮੈਰਿਟ ਸੂਚੀ ਵਿੱਚ ਉਸ ਅਨੁਸਾਰ ਕੋਈ ਰੱਦੋ ਬਦਲ ਹੁੰਦੀ ਹੈ ਤਾਂ ਇਸ ਸਬੰਧੀ ਰੀਵਾਇਜਡ ਮੈਰਿਟ ਸੂਚੀ ਪੁੱਡਾ ਦੀ ਵੈਬਸਾਈਟ ਤੇ ਅਪਲੋਡ ਕਰ ਦਿੱਤੀ ਜਾਵੇਗੀ ਪਰੰਤੂ ਜੇਕਰ ਯੂਨੀਵਰਸਿਟੀ ਵਲੋਂ ਬਿਨੈਕਾਰਾਂ ਵਲੋਂ Answer Key ਵਿੱਚ ਉਠਾਏ ਇਤਰਾਜ ਸਹੀ ਨਹੀਂ ਪਾਏ ਜਾਂਦੇ ਹਨ ਤਾਂ ਯੂਨੀਵਰਸਿਟੀ ਵਲੋਂ ਪੁੱਡਾ ਦਫਤਰ ਵਿਖੇ ਸੀਨੀਅਰ ਸਹਾਇਕ (ਲੇਖਾ) ਦੀ ਅਸਾਮੀ ਵਿਰੁੱਧ ਪਹਿਲਾਂ ਭੇਜੀ ਗਈ ਰੀਵਾਇਜਡ ਮੈਰਿਟ ਸੂਚੀ ਪੁੱਡਾ ਦੀ ਵੈਬਸਾਈਟ ਤੇ ਅਪਲੋਡ ਕਰਵਾਉਣ ਤੋਂ ਇਲਾਵਾ ਸਿੱਧੀ ਭਰਤੀ ਅਧੀਨ ਬਾਕੀ ਕਾਡਰਾਂ ਲਈ ਪਹਿਲਾਂ ਅਪਲੋਡ ਕੀਤੀ ਮੈਰਿਟ ਲਿਸਟ ਹੀ ਫਾਈਨਲ ਮੰਨੀ ਜਾਵੇਗੀ।

ਵਧੀਕ ਮੁੱਖ ਪ੍ਰਸਾਸਕ (ਮੁ:ਦ)
ਪੁੱਡਾ।